**FOR IMMEDIATE RELEASE** CITY OF SURREY

MEDIA RELEASE

# ਸਰੀ ਕੌਂਸਲ, ਸਿਟੀ ਦੀ ਗਰਾਂਟ ਨੀਤੀ ਨੂੰ ਵਧੇਰੇ ਪਾਰਦਰਸ਼ੀ ਬਣਾਉਣ ਲਈ ਪ੍ਰਸਤਾਵਿਤ ਸੋਧਾਂ 'ਤੇ ਵੋਟ ਕਰੇਗੀ

ਤੁਰੰਤ ਰਿਲੀਜ਼ ਲਈ: ਦਸੰਬਰ 13, 2024

**ਸਰੀ, ਬੀ ਸੀ** - ਸੋਮਵਾਰ ਨੂੰ ਰੈਗੂਲਰ ਕੌਂਸਲ ਦੀ ਮੀਟਿੰਗ ਦੌਰਾਨ ਸਰੀ ਸਿਟੀ ਕੌਂਸਲ, ਸਿਟੀ ਦੀ ਗ੍ਰਾਂਟਸ ਨੀਤੀ ਵਿੱਚ ਪ੍ਰਸਤਾਵਿਤ ਸੋਧਾਂ 'ਤੇ ਵੋਟ ਪਾਵੇਗੀ। ਮੇਅਰ ਬ੍ਰੈਂਡਾ ਲੌਕ ਦੁਆਰਾ ਜੁਲਾਈ 2024 ਵਿੱਚ ਗਠਿਤ ਕੀਤੀ ਸਿਟੀ ਗ੍ਰਾਂਟਸ ਟਾਸਕ ਫੋਰਸ, ਵਲੋਂ ਸਿਫ਼ਾਰਿਸ਼ ਕੀਤੀਆਂ ਗਈਆਂ ਤਬਦੀਲੀਆਂ ਦਾ ਮੰਤਵ ਇਹ ਯਕੀਨੀ ਬਣਾਉਣਾ ਹੈ, ਕਿ ਸਿਟੀ ਵਲੋਂ ਦਿੱਤੀਆਂ ਜਾਣ ਵਾਲੀਆਂ ਗਰਾਂਟਾਂ ਅਤੇ ਟੈਕਸ ਪੇਅਰਸ ਸਰੋਤਾਂ ਦੀ ਸਹੀ ਵਰਤੋਂ ਹੋਵੇ ਤੇ ਕਮਿਊਨਟੀ ਇਸ ਬਾਰੇ ਜਾਗਰੂਕ ਰਹੇ।

*ਮੇਅਰ ਬ੍ਰੈਂਡਾ ਲੌਕ ਨੇ ਕਿਹਾ ਕਿ, "ਇਹ ਪ੍ਰਸਤਾਵਿਤ ਤਬਦੀਲੀਆਂ ਪਾਰਦਰਸ਼ਤਾ ਨੂੰ ਵਧਾਉਣ ਅਤੇ ਜਨਤਕ ਤੌਰ 'ਤੇ ਫੰਡ ਪ੍ਰਾਪਤ ਗ੍ਰਾਂਟਾਂ ਨੂੰ ਵਧੇਰੇ ਕਾਰਗਰ ਬਣਾਉਣ ਲਈ ਇੱਕ ਮਹੱਤਵਪੂਰਨ ਕਦਮ ਹੈ" ।"ਸਿਫ਼ਾਰਸ਼ ਕੀਤੇ ਅੱਪਡੇਟਾਂ ਦਾ ਉਦੇਸ਼ ਸਥਾਨਕ ਗੈਰ-ਮੁਨਾਫ਼ਾ ਸੰਸਥਾਵਾਂ ਅਤੇ ਕਮਿਊਨਟੀ ਗਰੁੱਪਾਂ ਨਾਲ ਸਾਡੀ ਸਾਂਝ ਨੂੰ ਮਜ਼ਬੂਤ ਕਰਨਾ ਹੈ, ਜੋ ਸਾਡੇ ਵਸਨੀਕਾਂ ਦੀਆਂ ਲੋੜਾਂ ਨੂੰ ਪੂਰਾ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਸਾਡੀ ਕੌਂਸਲ ਸਹਿਯੋਗ ਅਤੇ ਜਵਾਬਦੇਹੀ ਲਈ ਵਚਨਬੱਧ ਹੈ ਅਤੇ ਇਹ ਪ੍ਰਸਤਾਵਿਤ ਤਬਦੀਲੀਆਂ ਆਉਣ ਵਾਲੇ ਸਾਲਾਂ ਲਈ ਸਰੀ ਨਿਵਾਸੀਆਂ ਨੂੰ ਲਾਭ ਪਹੁੰਚਾਉਣ ਦਾ ਵਾਅਦਾ ਕਰਦੀਆਂ ਹਨ।"*

ਸਿਟੀ ਗ੍ਰਾਂਟ ਨੀਤੀ ਵਿੱਚ ਸੋਧਾਂ ਜਨਤਕ ਫੰਡਾਂ ਵਿੱਚ ਪਾਰਦਰਸ਼ਤਾ ਲਿਆ, ਗ੍ਰਾਂਟ ਪ੍ਰਕਿਰਿਆ ਨੂੰ ਸੁਚਾਰੂ ਬਣਾਉਣ ਲਈ ਤਿਆਰ ਕੀਤੀਆਂ ਗਈਆਂ ਹਨ। ਪ੍ਰਸਤਾਵਿਤ ਸੋਧਾਂ ਵਿੱਚ ਗ੍ਰਾਂਟਾਂ ਲਈ ਸ਼੍ਰੇਣੀਆਂ ਨੂੰ ਪਰਿਭਾਸ਼ਿਤ ਕਰਨਾ ਅਤੇ ਪ੍ਰਤੀ ਐਪਲੀਕੇਸ਼ਨ ਦੀ ਫੰਡਿੰਗ ਸੀਮਾ ਸਥਾਪਤ ਕਰਨ ਤੋਂ ਇਲਾਵਾ ਇਹ ਤਰਮੀਮਾਂ ਸ਼ਾਮਲ ਹਨ:

- ਸਿਟੀ ਅਤੇ ਅਰਜ਼ੀਕਰਤਾ ਦੇ ਵਿਚਕਾਰ ਮੌਜੂਦਾ ਓਪਰੇਟਿੰਗ ਸਮਝੌਤਾ ਕਰਨਾ, ਜੋ ਅਰਜ਼ੀਕਰਤਾ ਲਈ ਵਿਸ਼ੇਸ਼ ਗ੍ਰਾਂਟ ਫੰਡਿੰਗ ਦੀ ਰੂਪਰੇਖਾ ਦਿੰਦਾ ਹੈ;
- ਗ੍ਰਾਂਟ ਫੰਡਿੰਗ ਪ੍ਰੋਗਰਾਮ ਤਹਿਤ $5,000 ਤੋਂ ਵੱਧ ਪ੍ਰਤੀ ਗ੍ਰਾਂਟ ਅਰਜ਼ੀ ਲਈ ਕਾਰਪੋਰੇਟ ਰਿਪੋਰਟ ਜ਼ਰੀਏ ਕੌਂਸਲ ਦੀ ਮਨਜ਼ੂਰੀ ਲਾਜ਼ਮੀ (ਉਦਾਹਰਣ ਦੇ ਤੌਰ 'ਤੇ ਆਰਟ ਐਂਡ ਕਲਚਰ ਗਰਾਂਟ ਪ੍ਰੋਗਰਾਮ ) ਅਤੇ ਕਮਿਊਨਿਟੀ ਇਵੈਂਟਸ ਪੁਲਿਸਿੰਗ ਗ੍ਰਾਂਟ ਪ੍ਰੋਗਰਾਮ;

- ਸ਼ਹਿਰ-ਪੱਧਰੀ ਸਮਾਗਮਾਂ ਨਾਲ ਸਬੰਧਤ ਅਰਜ਼ੀਆਂ; ਅਤੇ
- ਕੌਂਸਲ ਦੇ ਸਧਾਰਨ ਬਹੁਮੱਤ ਨਾਲ ਲੋੜ ਮੁਤਾਬਕ ਛੋਟਾਂ

ਸਿਟੀ ਦੇ ਗ੍ਰਾਂਟ ਪ੍ਰੋਗਰਾਮਾਂ ਬਾਰੇ ਵਧੇਰੇ ਜਾਣਕਾਰੀ ਲਈ surrey.ca/grants 'ਤੇ ਜਾਵੋ

-30-

**ਮੀਡੀਆ ਇਨਕੁਆਰੀ :**

ਪ੍ਰਭਜੋਤ ਕਾਹਲੋਂ
ਮਲਟੀਕਲਚਰਲ ਮੀਡੀਆ ਰੀਲੈਸ਼ਨ ਲੀਡ
ਸਿਟੀ ਆਫ ਸਰੀ
prabhjot.kahlon@surrey.ca
C :236-878-6263